# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 04-08-2024**

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਚੰਡੀਗੜ੍ਹ ਦੇ ਮਨੀਮਾਜਰਾ ਵਿੱਚ, 24 ਘੰਟੇ ਜਲ ਸਪਲਾਈ ਦੇ ਪਾਇਲਟ ਪ੍ਰੋਜੈਕਟ ਦਾ ਉਦਘਾਟਨ ਕੀਤਾ।
- ਗ੍ਰਹਿ ਮੰਤਰੀ ਅਮਿਤ ਸ਼ਾਹ ਨੇ, ਸਾਰੇ ਨਾਗਰਿਕਾਂ ਨੂੰ, ਹਰ ਘਰ ਤਿਰੰਗਾ ਮੁਹਿੰਮ ਨੂੰ ਹੋਰ ਤੇਜ਼ ਕਰਨ ਅਤੇ ਇਸ ਵਿੱਚ ਦੁਬਾਰਾ ਉਸੇ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਏ।
- ਭਾਰਤ, ਗ੍ਰੇਟ ਬ੍ਰਿਟੇਨ ਨਾਲ ਖੇਡੇ ਗਏ, ਕੁਆਰਟਰ ਫਾਈਨਲ ਵਿੱਚ, ਪੈਨਲਟੀ ਸ਼ੂਟ ਆਊਟ ਰਾਹੀਂ, 4-2 ਨਾਲ ਸ਼ਾਨਦਾਰ ਜਿੱਤ ਦਰਜ ਕਰਕੇ, ਸੇਮੀਫ਼ਾਈਨਲ ਵਿਚ ਪਹੁੰਚਿਆ।

---

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਚੰਡੀਗੜ੍ਹ ਦੇ ਮਨੀਮਾਜਰਾ ਵਿੱਚ 24 ਘੰਟੇ ਜਲ ਸਪਲਾਈ ਦੇ ਪਾਇਲਟ ਪ੍ਰੋਜੈਕਟ ਦਾ ਉਦਘਾਟਨ ਕੀਤਾ। ਅਮਿਤ ਸ਼ਾਹ ਨੇ ਕਿਹਾ ਕਿ ਇਸ ਪ੍ਰੋਜੈਕਟ ਨਾਲ ਮਨੀਮਾਜਰਾ ਦੇ

ਕਰੀਬ ਇੱਕ ਲੱਖ ਲੋਕਾਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ’ਤੇ ਲਗਭਗ 75 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਨੇ। ਸ਼੍ਰੀ ਸ਼ਾਹ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼, 24 ਘੰਟੇ ਤੇਜ਼ ਜਲ ਸਪਲਾਈ ਰਾਹੀਂ ਪਾਣੀ ਨੂੰ ਬਰਬਾਦੀ ਤੋਂ ਬਚਾਉਣਾ ਏ। ਇਸ ਦਾ ਹੋਰ ਉਦੇਸ਼ ਪਾਣੀ ਦੇ ਲੀਕੇਜ ਨੂੰ ਘਟਾਉਣ, ਸਮਾਰਟ ਮੀਟਰਿੰਗ, ਜ਼ਮੀਨੀ ਪਾਣੀ 'ਤੇ ਸੀਮਤ ਨਿਰਭਰਤਾ ਅਤੇ ਊਰਜਾ ਦੀ ਖਪਤ ਦੀ ਨਿਗਰਾਨੀ ਰਾਹੀਂ ਜਲ ਸਰੋਤਾਂ ਨੂੰ ਵਧਾਉਣਾ ਵੀ ਏ। ਉਨ੍ਹਾਂ ਦਸਿਆ ਕਿ ਇਸ ਪ੍ਰਾਜੈਕਟ ਦੀ ਕੁੱਲ ਲਾਗਤ 160 ਕਰੋੜ ਰੁਪਏ ਏ।

---

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਏ ਕਿ ਉਹ ਹਰ ਘਰ ਤਿਰੰਗਾ ਮੁਹਿੰਮ ਨੂੰ ਹੋਰ ਤੇਜ਼ ਕਰਨ ਅਤੇ ਇਸ ਵਿੱਚ ਦੁਬਾਰਾ ਉਸੇ ਉਤਸ਼ਾਹ ਨਾਲ ਹਿੱਸਾ ਲੈਣ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਉਨਾਂ ਲੋਕਾਂ ਨੂੰ 9 ਤੋਂ 15 ਅਗਸਤ ਦੇ ਵਿਚਕਾਰ ਤਿਰੰਗੇ ਨੂੰ ਲਹਿਰਾਉਣ ਜਾਂ ਆਪਣੇ ਘਰਾਂ ਵਿੱਚ ਪ੍ਰਦਰਸ਼ਿਤ ਕਰਨ ਲਈ ਕਿਹਾ ਏ। ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹਰ ਘਰ ਤਿਰੰਗਾ ਮੁਹਿੰਮ ਪਿਛਲੇ ਦੋ ਸਾਲਾਂ ਵਿੱਚ ਇੱਕ ਕੌਮੀ ਅੰਦੋਲਨ ਵਿੱਚ

ਬਦਲ ਗਈ ਏ ਅਤੇ ਹਰ ਭਾਰਤੀ ਵਿੱਚ ਬੁਨਿਆਦੀ ਏਕਤਾ ਨੂੰ ਜਗਾ ਰਹੀ ਏ। ਅਮਿਤ ਸ਼ਾਹ ਨੇ ਲੋਕਾਂ ਨੂੰ ਤਿਰੰਗੇ ਨਾਲ ਸੈਲਫੀ ਲੈਣ ਅਤੇ ਹਰ ਘਰ ਤਿਰੰਗਾ ਦੀ ਵੈੱਬਸਾਈਟ - harghartiranga.com 'ਤੇ ਅਪਲੋਡ ਕਰਨ ਦੀ ਅਪੀਲ ਵੀ ਕੀਤੀ ਏ।

-----------------------------------------------------

ਪੰਜਾਬ ਦੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਦਫ਼ਤਰ ਵਿਖੇ ਖੁੱਲ੍ਹਾ ਦਰਬਾਰ ਲਗਾ ਕੇ ਕਰੀਬ 300 ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸ਼ਿਕਾਇਤਾਂ ਦਾ ਤੁਰੰਤ ਹੱਲ ਕਰਨ ਲਈ ਜ਼ਰੂਰੀ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਢਲਾ ਉਦੇਸ਼ ਲੋਕਾਂ ਨੂੰ ਆਸਾਨ ਅਤੇ ਜਲਦੀ ਸੇਵਾਵਾਂ ਪ੍ਰਦਾਨ ਕਰਨਾ ਏ, ਤਾਂ ਜੋ ਲੋਕਾਂ ਨੂੰ ਆਪਣੇ ਅਧਿਕਾਰਾਂ ਅਤੇ ਸੇਵਾਵਾਂ ਲਈ ਬੇਲੋੜੀ ਭੱਜ-ਦੌੜ ਨਾ ਕਰਨੀ ਪਵੇ। ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਰਾਹੀਂ ਜਿਥੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ ’ਤੇ ਹੀ ਹੱਲ ਕਰਨ ਦਾ ਯਤਨ ਕੀਤਾ ਜਾ ਰਿਹਾ ਏ, ਉਥੇ ਉਨ੍ਹਾਂ ਨੂੰ ਮੌਕੇ ’ਤੇ ਸਰਕਾਰੀ ਸੇਵਾਵਾਂ ਅਤੇ ਸਕੀਮਾਂ ਦਾ ਲਾਭ ਵੀ ਦਿੱਤਾ ਜਾ ਰਿਹਾ ਏ। ਕੈਬਨਿਟ ਮੰਤਰੀ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਜਨਤਾ ਦੀਆਂ ਸ਼ਿਕਾਇਤਾਂ ਦਾ

ਹੱਲ ਤੈਅ ਸਮੇਂ ਵਿਚ ਕਰਨ ਅਤੇ ਇਸ ਪ੍ਰਕਿਰਿਆ ਵਿਚ ਪਾਰਦਰਸ਼ਤਾ ਅਤੇ ਨਿਰਪੱਖਤਾ ਬਣਾਏ ਰੱਖਣ ।

---------------------------------------------------------

ਪੰਜਾਬ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਸੰਸਥਾ,ਪੰਜਾਬ ਰਾਜ ਵਿਗਿਆਨ ਤੇ ਵਾਤਾਵਰਨ ਕੌਂਸਲ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਸਾਂਝੇ ਉਪਰਾਲੇ ਸਦਕਾ, ਰੂਪਨਗਰ ਜ਼ਿਲ੍ਹੇ ਦੇ ਪ੍ਰਾਇਮਰੀ, ਮਿਡਲ,ਹਾਈ,ਸੈਕੰਡਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਇੱਕੋ ਕਲੱਬ ਇੰਚਾਰਜ ਅਧਿਆਪਕਾਂ ਨੂੰ ਗਰੀਨ ਸਕੂਲ ਆਡਿਟ ਸਬੰਧੀ ਸਿਖਲਾਈ ਦਿੱਤੀ ਜਾ ਰਹੀ ਏ । ਸਾਇੰਸ ਮਾਸਟਰ ਕੁਲਵੰਤ ਸਿੰਘ ਭੱਕੂ ਮਾਜਰਾ ਨੇ ਦੱਸਿਆ ਕਿ ਇਹ ਪ੍ਰੋਗਰਾਮ ਵਿਸ਼ਵ ਪੱਧਰੀ ਸੰਸਥਾ ਸਿਉਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਦੇ ਮਿਥੇ ਟੀਚਿਆਂ ਨੂੰ, ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜਲਵਾਯੂ ਪਰਿਵਰਤਨ ਵਿਭਾਗ ਵੱਲੋਂ ਮਿਸ਼ਨ ਲਾਈਫ ਰਾਹੀਂ ਪੂਰਾ ਕਰਨ ਦੀ ਲੜੀ ਤਹਿਤ, ਪੰਜਾਬ ਦੇ ਸਕੂਲਾਂ ਵਿੱਚ ਵਾਤਾਵਰਨ ਦੇ ਘਟਕਾਂ ਹਵਾ, ਪਾਣੀ, ਧਰਤੀ, ਊਰਜਾ, ਫੁਟਕਲ ਪ੍ਰਬੰਧਨ, ਅਤੇ ਭੋਜਨ ਪਹਿਲੂਆਂ ਰਾਹੀਂ ਜ਼ੀਰੋ ਵੇਸਟ ਪ੍ਰਣਾਲੀ ਅਪਣਾਉਣ

ਲਈ ਚਲਾਇਆ ਜਾ ਰਿਹਾ ਏ । ਇਸੇ ਲੜੀ ਤਹਿਤ ਹੀ ਜੈਵਿਕ ਵਿਭਿੰਨਤਾ,ਜਲਵਾਯੂ ਪਰਿਵਰਤਨ ਅਤੇ ਪਰਿਸਥਿਤਿਕ ਪ੍ਰਬੰਧ ਨੂੰ ਬਚਾਉਣ ਦੇ ਲਈ ਮੀਆਂਵਾਕੀ ਜੰਗਲ (ਜਪਾਨੀ ਤਕਨੀਕ) ਨੂੰ ਅਪਣਾਉਂਦੇ ਹੋਏ, ਚੋਣਵੇਂ ਸਕੂਲਾਂ ਵਿੱਚ ਛੋਟੇ-ਛੋਟੇ ਜੰਗਲ ਵੀ ਲਗਾਏ ਜਾ ਰਹੇ ਨੇ ।

---------------------------------------------------

ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ 12 ਸਾਲ ਦੇ ਆਰਵ ਭਾਰਦਵਾਜ ਕਾਰਗਿਲ ਜੰਗੀ ਯਾਦਗਾਰ ਤੋਂ, ਕੌਮੀ ਜੰਗੀ ਯਾਦਗਾਰ ਨਵੀਂ ਦਿੱਲੀ ਤਕ ਦੀ ਸਾਇਕਿਲ ਯਾਤਰਾ ਕਰ ਰਹੇ ਨੇ ।26 ਜੁਲਾਈ ਤੋਂ 8 ਅਗਸਤ ਤਕ ਉਹ, ਕੁੱਲ ਇਕ ਹਜ਼ਾਰ 200 ਕਿਲੋਮੀਟਰ ਦਾ ਸਫਰ ਤੈਅ ਕਰਨਗੇ । ਬੀਤੇ ਦਿਨ ਆਰਵ ਭਾਰਦਵਾਜ ਦਾ ਜਲੰਧਰ ਪੁੱਜਣ ਤੇ ਰੋਟਰੀ ਕਲੱਬ ਜਲੰਧਰ ਵੈਸਟ ਨੇ ਸਵਾਗਤ ਕੀਤਾ ।

---------------------------------------------------

ਪਟਿਆਲਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਫ਼ੌਜ ਅਤੇ ਨੀਮ ਫ਼ੌਜੀ ਬਲਾਂ ਵਿਚ ਭਰਤੀ ਹੋਣ ਲਈ, ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ

ਕੋਰਸ ਭਲਕੇ 5 ਅਗਸਤ ਤੋਂ ਸ਼ੁਰੂ ਕੀਤਾ ਜਾ ਰਿਹਾ ਏ। ਇਸਦਾ ਉਦੇਸ਼ ਸੈਨਾ ਵਿਚ ਸੇਵਾ ਕਰ ਰਹੇ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਬਾਕੀ ਸ਼੍ਰੇਣੀਆਂ ਦੇ ਬੱਚਿਆਂ ਨੂੰ ਫ਼ੌਜ, ਨੀਮ ਫ਼ੌਜੀ ਬਲਾਂ ਅਤੇ ਪੁਲਿਸ ਵਿੱਚ ਭਰਤੀ ਹੋਣ ਲਈ ਯੋਗ ਬਣਾਉਣਾ ਏ। ਇਹ ਕੋਰਸ 45 ਦਿਨ ਦਾ ਹੋਵੇਗਾ, ਜਿਸ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਤੌਰ 'ਤੇ ਭਰਤੀ ਹੋਣ ਲਈ ਲੋੜੀਂਦੇ ਮਿਆਰ ਲਈ ਤਿਆਰ ਕੀਤਾ ਜਾਵੇਗਾ| ਇਸ ਤੋਂ ਇਲਾਵਾ ਉਨ੍ਹਾਂ ਨੂੰ ਲਿਖਤੀ ਇਮਤਿਹਾਨ ਦੀ ਤਿਆਰੀ ਵੀ ਕਰਵਾਈ ਜਾਵੇਗੀ ਫ਼ੌਜ ਵਿੱਚ ਸਿਪਾਹੀ ਦੀ ਭਰਤੀ ਲਈ ਉਮੀਦਵਾਰ ਦੀ ਉਮਰ ਸਾਢੇ 17 ਤੋਂ 21 ਸਾਲ, ਕੱਦ 170 ਸੈਂਟੀਮੀਟਰ, ਛਾਤੀ 77 ਤੋਂ 82 ਸੈਂਟੀਮੀਟਰ ਅਤੇ ਵਜ਼ਨ 50 ਕਿੱਲੋ ਹੋਣਾ ਚਾਹੀਦਾ ਏ ਅਤੇ ਉਮੀਦਵਾਰ ਦਸਵੀਂ ਜਮਾਤ ਵਿੱਚ ਕੁੱਲ 45 ਫ਼ੀਸਦੀ ਅਤੇ ਹਰੇਕ ਵਿਸ਼ੇ ਵਿੱਚ 33 ਫ਼ੀਸਦੀ ਨੰਬਰਾਂ ਨਾਲ ਪਾਸ ਹੋਣਾ ਜ਼ਰੂਰੀ ਏ। ਸਿਰਫ ਪਟਿਆਲਾ ਜ਼ਿਲ੍ਹੇ ਦੇ ਉਮੀਦਵਾਰ ਹੀ ਇਸ ਵਿਚ ਸ਼ਾਮਲ ਹੋ ਸਕਦੇ ਨੇ।

---------------------------------------------------

ਪੈਰਿਸ ਓਲੰਪਿਕ ਤੋਂ ਅੱਜ ਬਹੁਤ ਚੰਗੀ ਖ਼ਬਰ ਆਈ ਜਦੋਂ ਭਾਰਤੀ ਹਾਕੀ

ਟੀਮ ਸੈਮੀ-ਫ਼ਾਈਨਲ ਵਿੱਚ ਪੁੱਜ ਗਈ। ਗ੍ਰੇਟ ਬ੍ਰਿਟੇਨ ਨਾਲ ਖੇਡੇ ਗਏ ਕੁਆਰਟਰ ਫਾਈਨਲ ਵਿੱਚ, ਭਾਰਤ ਨੇ ਪੈਨਲਟੀ ਸ਼ੂਟ ਆਊਟ ਰਾਹੀਂ 4 - 2 ਨਾਲ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ ਖੇਡ ਦੇ ਇਕ ਘੰਟੇ ਵਿਚ, ਦੋਵੇਂ ਟੀਮਾਂ 1-1 ਗੋਲ ਤੇ ਬਰਾਬਰ ਰਹੀਆਂ। ਭਾਰਤੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ 'ਤੇ ਗੋਲ ਕੀਤਾ, ਪਰ ਗ੍ਰੇਟ ਬ੍ਰਿਟੇਨ ਨੇ ਛੇਤੀ ਹੀ ਗੋਲ ਕਰਕੇ ਸਕੋਰ ਦੀ ਬਰਾਬਰੀ ਕਰ ਲਈ। ਮੈਚ ਦੇ 17 ਵੇਂ ਮਿੰਟ ਵਿੱਚ ਭਾਰਤ ਦੇ ਅਮਿਤ ਰੋਹਤਾਸ ਨੂੰ, ਰੈੱਡ ਕਾਰਡ ਮਿਲਣ ਕਾਰਨ ਮੈਚ ਤੋਂ ਬਾਹਰ ਹੋਣਾ ਪਿਆ ਅਤੇ ਟੀਮ ਨੇ 10 ਖਿਡਾਰੀਆਂ ਨਾਲ ਹੀ ਮੈਚ ਨੂੰ ਖੇਡਿਆ। ਮੈਚ ਵਿਚ ਜ਼ਿਆਦਾਤਰ ਸਮੇਂ ਗ੍ਰੇਟ ਬ੍ਰਿਟੇਨ ਦੀ ਟੀਮ ਹਾਵੀ ਰਹੀ ਅਤੇ ਕਈ ਪੈਨਲਟੀ ਕਾਰਨਰ ਹਾਸਲ ਕੀਤੇ ਪਰ ਗੋਲਕੀਪਰ ਸ਼੍ਰੀਜੇਸ਼ ਨੇ ਸ਼ਾਨਦਾਰ ਤਰੀਕੇ ਨਾਲ਼ ਬਚਾਅ ਕੀਤਾ ਅਤੇ ਕਈ ਗੋਲ ਰੋਕੇ।

------------------------------------------------------------

ਏਧਰ ਸੂਬੇ ਭਰ ਚ, ਭਾਰਤੀ ਹਾਕੀ ਟੀਮ ਦੇ ਸੇਮੀਫ਼ਾਈਨਲ ਵਿੱਚ ਪੁੱਜਣ ਤੇ, ਲੋਕਾਂ ਵਿਚ ਖੁਸ਼ੀ ਦੀ ਲਹਿਰ ਏ। ਸਾਰਿਆਂ ਨੇ ਹਾਕੀ ਟੀਮ ਨੂੰ

ਸ਼ੁਭਕਾਮਨਾਵਾਂ ਦੀਦਿਆਂ, ਭਵਿੱਖ ਵਿਚ ਦੇਸ਼ ਨੂੰ ਹੋਰ ਤਮਗੇ ਮਿਲਣ ਦੀ ਆਸ ਪ੍ਰਗਟਾਈ ।